# ਭਾਗ–4

ਪਹਿਲੈ ਪਹਰੈ ਰੈਣਿ ਕੈ ਵਣਜਾਰਿਆਂ ਮਿਤ੍ਰਾ ਹੁਕਮਿ ਪਇਆ ਗਰਭਾਸਿ॥

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥

ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨ ਲਿਵ ਲਾਗਾ ॥

(ਪੰਨਾ–74)

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥

(ਪੰਨਾ–613)

ਉਪਰਲੇ ਗੁਰਬਾਣੀ ਦੇ ਫ਼ੁਰਮਾਨ ਅਨੁਸਾਰ—'ਜੀਵ', ਮਾਂ ਦੇ ਪੇਟ ਵਿਚ 'ਕੁਹਥੜੇ ਥਾਉਂ" ਉਲਟਾ ਲਟਕਿਆ ਹੁੰਦਾ ਹੈ। ਆਪਣੇ ਪਿਛਲੇ ਕਰਮਾਂ ਦਾ ਪਸ਼ਚਾਤਾਪ ਕਰਦਿਆਂ, ਆਪਣੇ ਅਕਾਲ ਪੁਰਖ ਅੱਗੇ ਅਣਜਾਣੇ, ਸਹਿਜ–ਸੁਭਾਇ ਅਰਦਾਸ ਕਰਦਾ ਹੈ। ਇਸ ਤਰ੍ਹਾਂ 'ਜੀਵ' ਸਿਮਰਨ ਕਰਦਾ ਹੋਇਆ ਪ੍ਰਭੂ ਚਰਨਾਂ ਵਿਚ ਲਿਵਲੀਨ ਹੁੰਦਾ ਹੈ ਅਤੇ ਗਰਭ ਦੀ ਅਗਨੀ ਤੋਂ ਬਚਿਆ ਰਹਿੰਦਾ ਹੈ। ਜਦ ਜੀਵ ਦਾ ਜਨਮ ਹੁੰਦਾ ਹੈ ਤਾਂ 'ਲਿਵ' ਟੁਟ ਜਾਣ ਕਾਰਨ, ਉਸ ਉਤੇ ਇਸ ਮਾਇਕੀ ਮੰਡਲ ਦੀਆਂ ਮਲੀਨ ਕਿਰਨਾਂ ਅਤੇ 'ਵਾਤਾਵਰਨ' (worldly environment) ਦਾ ਅਸਰ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਜਿਉਂ ਜਿਉਂ ਮਾਇਕੀ ਪ੍ਰਭਾਵ ਦਾ ਅਸਰ ਵਧਦਾ ਜਾਂਦਾ ਹੈ, ਤਿਉਂ ਤਿਉਂ ਉਹ ਹੋਰ ਭੀ ਸਿਆਣਾ ਹੁੰਦਾ ਜਾਂਦਾ ਹੈ ਅਤੇ ਉਸ ਦੇ ਮਨ ਵਿਚ 'ਹਉਮੈ' ਭੀ ਪ੍ਰਬਲ ਹੁੰਦੀ ਜਾਂਦੀ ਹੈ। ਗੁਰਬਾਣੀ ਵਿਚ ਇਸ ਸਚਾਈ ਨੂੰ ਇਉਂ ਦਰਸਾਇਆ ਹੈ—

"ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ

॥”

(ਪੰਨਾ–921)

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥

(ਪੰਨਾ–75)

“ਜੋਨਿ ਛਾਡਿ ਜਉ ਜਗ ਮਹਿ ਆਇਓ ॥
ਲਾਗਤ ਪਵਨ ਖਸਮੁ ਬਿਸਰਾਇਓ ॥” (ਪੰਨਾ–337)

ਇਸ ਮਾਇਕੀ ਭਰਮ–ਭੁਲਾਵੇ ਵਿਚੋਂ ਉਪਜੀ ‘ਮੈਂ–ਮੇਰੀ’ ਦੇ ਵਾਤਾਵਰਨ ਵਿਚ ‘ਜੀਵ’, ਜਿਉਂ–ਜਿਉਂ ਗਲਤਾਨ ਹੁੰਦਾ ਜਾਂਦਾ ਹੈ, ਤਿਉਂ –ਤਿਉਂ ਉਸ ਦੇ ਧੁਰੋਂ ਅੰਤਰ–ਆਤਮੇ ਨਾਲ ਲਿਖੀ ‘ਪ੍ਰੀਤ–ਡੋਰੀ’ ਦੀ ਖਿੱਚ, ਘਟਦੀ ਜਾਂਦੀ ਹੈ, ਅਤੇ ਉਹ ਆਪਣੇ ਕੇਂਦਰ ਅਕਾਲ ਪੁਰਖ ਦੀਆਂ ਦਾਤਾਂ ਅਤੇ ਦੈਵੀ ਗੁਣਾਂ ਤੋਂ ਵਾਂਝਾ ਹੁੰਦਾ ਜਾਂਦਾ ਹੈ। ਇਸ ਤਰ੍ਹਾਂ ਉਹ ਆਪਣੇ ਨਾਲ–ਲਿਖੇ ਹੁਕਮ–ਰੂਪੀ ਧਰਮੁ ਤੋਂ ਅਨਜਾਣ ਹੋ ਕੇ ‘ਰੱਬੀਅਤ’ ਤੋਂ ਬੇਮੁਖ ਅਤੇ ਮੁਨਕਰ ਹੁੰਦਾ ਜਾਂਦਾ ਹੈ।

ਏਥੇ ਇਕ ਹੋਰ ਨੁਕਤਾ ਸਮਝਣਾ ਜ਼ਰੂਰੀ ਹੈ, ਕਿ ਜੋ ਵੀ ‘ਜੀਵ’ ਸੰਸਾਰ ਵਿਚ ਆਉਂਦਾ ਹੈ, ਭਾਵੇਂ ਉਹ ਕਿਸੇ ਵੀ ਧਰਮ, ਦੇਸ਼ ਯਾ ਨਸਲ ਦਾ ਹੋਵੇ, ਉਹ ਮਾਤਾ ਦੇ ਗਰਭ ਵਿਚ ‘ਪ੍ਰੇਮ–ਲਿਵ’ ਦਾ ਅਟੁੱਟ–ਰਸ ਮਾਣ ਕੇ ਆਉਂਦਾ ਹੈ। ਇਹ ‘ਪ੍ਰੇਮ–ਅਨੁਭਵ’ ਹਮੇਸ਼ਾਂ ਬੱਚੇ ਦੇ ਅੰਤਰ–ਆਤਮੇ, ‘ਬੀਜ’ ਦੇ ਰੂਪ ਵਿੱਚ ਪਿਆ ਰਹਿੰਦਾ ਹੈ। ਇਸ ‘ਪ੍ਰੇਮ–ਲਿਵ’ ਦਾ ਪ੍ਰਭਾਵ, ਬੱਚੇ ਦੇ ਖਿੜੇ ਹੋਏ ਚਿਹਰੇ ਅਤੇ ਮਾਸੂਮੀਅਤ ਭਰੇ ਸੁਭਾਵ ਵਿਚ ਪ੍ਰਗਟ ਹੁੰਦਾ ਹੈ। ਸਾਰੇ ਹੀ ਬੱਚੇ ਵੇਖਣ ਵਿਚ ਪਿਆਰੇ ਲਗਦੇ ਹਨ। ਦੇਖਣ ਵਿਚ ਆਇਆ ਹੈ ਕਿ ਬਹੁਤ ਛੋਟਾ ਬੱਚਾ ਭੀ ਪ੍ਰੇਮ ਨੂੰ ਮਹਿਸੂਸ ਕਰਦਾ ਹੈ ਅਤੇ ਜਵਾਬ ਵਿਚ (respond) ਪਿਆਰ ਕਰਦਾ ਹੈ। ਮੁਸਕਰਾ ਕੇ ਉਸ ਵਲ ਤੱਕੋ ਤਾਂ ਅੱਗੋਂ ਉਹ ਭੀ ਮੁਸਕਰਾਂਦਾ ਹੈ। ਪਿਛਲੇ ਜਨਮ ਦੀ ਕਮਾਈ ਅਨੁਸਾਰ, ਹਰ ਇਕ ਬੱਚੇ ਦਾ ਬਚਪਨ ਵਿਚ ਅਲੱਗ ਸੁਭਾਉ ਹੁੰਦਾ ਹੈ। ਕਈ ਤਾਂ ‘ਬਾਬਾ–ਬੁਢਾ’ ਜੀ ਵਾਂਗੂ ਬਚਪਨ ਵਿਚ ਵੀ ਆਤਮਿਕ ਪੱਧਰ ਦੀਆਂ ਗੱਲਾਂ ਕਰਨ ਲਗ ਪੈਂਦੇ ਹਨ। ਭੱਟ ਵਿਦਵਾਨਾਂ ਨੇ ਗੁਰੂ ਅਰਜਨ ਦੇਵ ਜੀ ਪ੍ਰਤੀ ਇਥੋਂ ਤਕ ਕਹਿ ਦਿਤਾ ਹੈ ਕਿ—

“ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ ॥” (ਪੰਨਾ–1407)

ਇਸੇ ਕਰਕੇ ਕਿਹਾ ਜਾਂਦਾ ਹੈ ਕਿ ਬੱਚਾ ਰੱਬ ਦੇ ਬਹੁਤ ਨਜ਼ਦੀਕ ਹੁੰਦਾ ਹੈ।

ਪਰ ਜੇ ਬਚੇ ਨੂੰ ਠੀਕ ਆਤਮਿਕ ਮਾਹੌਲ ਨਾ ਮਿਲੇ ਤਾਂ ਮਾਇਆ ਦੇ ਪ੍ਰਭਾਵ ਵਿਚ ਇਹ ਇਲਾਹੀ ਬਖਸ਼ਿਸ਼ ਸਹਿਜੇ ਸਹਿਜੇ ਗਵਾਚ ਜਾਂਦੀ ਹੈ।

ਦੂਸਰੇ ਪਾਸੇ ਜੇ ਬੱਚੇ ਨੂੰ 'ਆਤਮਿਕ ਮਾਹੌਲ' ਰੂਪੀ 'ਵਤਰ-ਧਰਤੀ' ਮਿਲ ਜਾਏ, ਤਾਂ ਮਾਤਾ ਦੇ ਗਰਭ ਵਿਚ ਅਨੁਭਵ ਕੀਤੀ ਹੋਈ "ਬੀਜ" ਰੂਪ 'ਪ੍ਰੇਮ-ਲਿਵ', ਛੇਤੀ ਹੀ ਬੱਚੇ ਨੂੰ 'ਪ੍ਰਭੂ-ਪ੍ਰੇਮ' ਵਿਚ ਪ੍ਰਫੁਲਤ ਕਰਕੇ, ਮਾਇਕੀ ਭਵਸਾਗਰ ਦੇ ਵਿਕਾਰੀ ਝੱਖੜਾਂ ਤੋਂ ਬਚਾਉਂਦੀ ਹੋਈ 'ਪਰਮ-ਪਦੁ' ਰੂਪੀ ਫਲ ਤਕ ਪਹੁੰਚਾ ਸਕਦੀ ਹੈ। ਧਰੂ, ਪ੍ਰਹਿਲਾਦ, ਭਗਤ-ਫ਼ਰੀਦ, ਗੁਰੂ ਹਰਿ-ਕ੍ਰਿਸ਼ਨ ਇਸ ਹਕੀਕਤ ਦੀਆਂ ਪ੍ਰਤੱਖ ਮਿਸਾਲਾਂ ਹਨ। ਇਸੇ ਕਰਕੇ ਭਗਤ ਕਬੀਰ ਜੀ, 'ਨਾਮ ਜਪਣ' ਦੀ ਪ੍ਰੇਰਨਾ ਧਰੂ-ਪ੍ਰਹਿਲਾਦ ਤੋਂ ਲੈਣ ਦੀ ਤਾਕੀਦ ਕਰਦੇ ਹਨ।

ਰਾਮ ਜਪਉ ਜੀਅ ਐਸੇ ਐਸੇ ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ (ਪੰਨਾ-337)

ਇਸ ਦਾ ਕਾਰਨ ਇਹ ਵੀ ਹੈ ਕਿ ਬੱਚੇ ਦਾ ਮਨ ਮਾਇਕੀ ਫੁਰਨਿਆਂ ਅਤੇ ਅਉਗੁਣਾਂ ਤੋਂ ਮੁਕਤ ਹੁੰਦਾ ਹੈ।

ਜਨਮ ਵੇਲੇ ਬੱਚਾ ਨੰਗਾ ਹੀ ਹੁੰਦਾ ਹੈ, ਉਸ ਤੇ ਕੋਈ ਧਾਰਮਿਕ ਚਿੰਨ੍ਹ ਭੀ ਨਹੀਂ ਹੁੰਦਾ ਅਤੇ ਮਰਨ ਵੇਲੇ ਭੀ ਨਾਲ ਕੋਈ ਧਾਰਮਿਕ ਚਿੰਨ੍ਹ ਲੈ ਕੇ ਨਹੀਂ ਜਾਂਦਾ। ਇਸ ਲਈ ਸਪਸ਼ਟ ਹੈ ਕਿ, ਜਨਮ ਅਤੇ ਮਰਨ ਵੇਲੇ, ਕਿਸੇ ਵੀ ਜੀਵ ਦਾ, ਅੰਤ੍ਰੀਵ 'ਪ੍ਰੇਮ-ਲਿਵ' ਰੂਪੀ ਇਕੋ-ਇਕ 'ਧਰਮੁ' ਤੋਂ ਸਿਵਾਏ, ਕੋਈ ਬਾਹਰਲਾ ਧਰਮ ਨਹੀਂ ਹੁੰਦਾ।

ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥
(ਪੰਨਾ-74)

ਇਹ ਅਕਾਲ ਪੁਰਖ ਦੀ ਬਖਸ਼ਿਸ਼ ਹੈ ਕਿ ਜਿਤਨੀ ਵਾਰੀ ਵੀ ਜੀਵ ਸੰਸਾਰ ਵਿਚ ਆਉਂਦਾ ਹੈ, ਹਰ ਵਾਰ ਅਕਾਲ-ਪੁਰਖ ਉਸ ਨੂੰ ਮਾਤਾ ਦੇ ਗਰਭ ਵਿਚ 'ਪ੍ਰੇਮ-ਲਿਵ' ਯਾ 'ਪ੍ਰੇਮ-ਸ੍ਵੈਪਨਾ' ਦਾ ਤਾਜ਼ਾ ਅਨੁਭਵ ਦੇ ਕੇ ਭੇਜਦਾ ਹੈ, ਤਾਂਕਿ ਜੀਵ ਆਪਣੇ 'ਆਪੇ', ਅਤੇ ਸਹੀ-ਧਰਮੁ ਯਾ 'ਪ੍ਰੇਮ-ਮਾਰਗੁ' ਦੀ ਪਹਿਚਾਨ ਕਰ ਸਕੇ।

ਅੰਤਰ ਆਤਮੇ ਇਹ ਇਲਾਹੀ 'ਪ੍ਰੀਤ ਡੋਰੀ' ਦੀ ਖਿੱਚ ਧੁਰੋਂ ਹੀ ਜੀਵ ਦੀ

ਹੋਂਦ ਦੇ 'ਨਾਲ-ਲਿਖੀ' ਹੋਣ ਕਰਕੇ—

ਅਤਿ-ਸੂਖਮ

ਅੱਟਲ

ਅਦ੍ਰਿਸ਼ਟ

ਗੁੱਝੀ

ਅਪਹੁੰਚ

ਅਗਮ

ਅਗੋਚਰ

ਗ਼ੈਬੀ 'ਖਿੱਚ', ਜੀਵ ਦੇ ਧੁਰ-ਅੰਤਰ ਆਤਮੇ ਡੂੰਘੀ, ਛੁਪੀ ਤੇ ਦਬੀ ਰਹਿੰਦੀ ਹੈ।

ਜਦ ਜੀਵ ਹਉਮੈ ਵਿਚ ਵਿਚਰਦਾ ਹੋਇਆ, ਆਪੂੰ ਸਹੇੜੇ ਦੁੱਖਾਂ, ਕਲੇਸ਼ਾਂ ਵਿਚ ਪਰੇਸ਼ਾਨ ਹੁੰਦਾ ਹੈ, ਤਾਂ ਪਹਿਲਾਂ ਆਪਣੀ ਸਿਆਣਪ ਤੇ ਚਤੁਰਾਈ ਦੁਆਰਾ ਦੁਖਾਂ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ। ਜਦ ਸਫ਼ਲ ਨਹੀਂ ਹੁੰਦਾ, ਤਾਂ ਆਪਣੇ ਤੋਂ ਤਕੜੇ ਅਫ਼ਸਰਾਂ, ਵਜ਼ੀਰਾਂ, ਸੰਬੰਧੀਆਂ ਦੀ ਓਟ ਲੈਂਦਾ ਹੈ। ਪਰ ਜਦ ਕਿਸੇ ਪਾਸਿਓਂ ਉਸ ਨੂੰ ਰਾਹਤ ਨਹੀਂ ਮਿਲਦੀ, ਤਾ ਉਹ ਕਿਸੇ ਸਾਧ, ਸੰਤ, ਪੀਰ, ਫ਼ਕੀਰ, ਦੇਵੀ-ਦੇਵਤੇ ਦੇ ਲੜ ਲਗਦਾ ਹੈ ਤੇ ਉਹਨਾਂ ਦੀ 'ਮੰਨਤ' ਕਰਦਾ ਹੈ। ਜੇ ਇੱਕ ਸਾਧ ਯਾ ਦੇਵਤੇ ਕੋਲੋਂ ਕਾਰਜ ਰਾਸ ਨਾ ਹੋਵੇ ਤਾਂ ਦੂਜੇ ਦੇਵਤੇ ਦੀ ਸ਼ਰਨੀ ਜਾਂਦਾ ਹੈ।

ਇਸ ਤਰ੍ਹਾਂ ਆਪਣੇ ਦੁਖਾਂ ਕਲੇਸ਼ਾਂ ਤੋਂ ਬਚਣ ਲਈ ਯਾ ਆਪਣੀਆਂ ਵਧਾਈਆਂ ਗ਼ਰਜ਼ਾਂ ਦੀ ਪੂਰਤੀ ਲਈ, 'ਜੀਵ' ਦਰ ਦਰ ਭਟਕਦਾ ਫਿਰਦਾ ਹੈ, ਪਰ ਫਿਰ ਭੀ ਉਸ ਦੇ ਸਾਰੇ ਦੁਖ ਕਲੇਸ਼ ਦੂਰ ਨਹੀਂ ਹੁੰਦੇ ਅਤੇ ਨਾ ਹੀ ਉਸ ਦੀ ਅਥਾਹ ਤ੍ਰਿਸ਼ਨਾ ਦੀ ਅੱਗ ਬੁਝਦੀ ਹੈ।

ਇਸ ਤਰ੍ਹਾਂ 'ਜੀਵ' ਦੇ ਅੰਦਰ ਆਪਣੇ ਤੋਂ ਵਧੇਰੇ 'ਸ਼ਕਤੀਮਾਨ' ਹਸਤੀ ਦੀ ਓਟ ਲੈਣ ਦਾ ਖ਼ਿਆਲ, ਯਕੀਨ, ਉਦਮ ਹੀ, ਉਸ ਦੇ ਅੰਤਰ-ਆਤਮੇ, ਧੁਰੋਂ, 'ਨਾਲ ਲਿਖੀ' 'ਪ੍ਰੀਤ-ਡੋਰੀ' ਦੀ ਦਬੀ ਹੋਈ, ਗ਼ਬੀ ਖਿੱਚ ਦਾ, ਝਾਉਲਾ ਜਿਹਾ ਅਕਸ ਯਾ ਪ੍ਰਤਿਬਿੰਬ ਅਤੇ ਪ੍ਰਗਟਾਵਾ ਹੈ।

ਇਸੇ ਤਰ੍ਹਾਂ ਮਨੁਖ ਦੀ 'ਅਸੀਮ ਸੋਚਣ ਸ਼ਕਤੀ', ਹਮੇਸ਼ਾਂ ਜੀਵ ਨੂੰ, ਕਿਸੀ

ਅਨੰਤ-ਸ਼ਕਤੀ ਵਲ, ਖੋਜ ਕਰਨ ਲਈ ਪ੍ਰੇਰਨਾ ਕਰਦੀ ਰਹਿੰਦੀ ਹੈ।

ਦੂਜੇ ਲਫ਼ਜ਼ਾਂ ਵਿਚ, ਇਸ ਗੁੱਝੀ ਅਤਿ ਸੂਖਮ 'ਪ੍ਰੀਤ-ਡੋਰੀ' ਦੀ 'ਖਿੱਚ' ਯਾ 'ਅਕਿਰਖਣ-ਸ਼ਕਤੀ' ਦੁਆਰਾ ਕਾਇਨਾਤ ਦਾ ਜ਼ੱਰਾ-ਜ਼ੱਰਾ—

ਅਡੋਲ

ਗੁਪਤੀ

ਅਣਜਾਣੇ

ਸਹਜ ਸੁਭਾਇ

ਸਦੀਵੀ

ਅਭੁਲ

ਅਟੱਲ

ਅਮਿਟ

'ਸਹਿਜ ਚਾਲ' ਵਿਚ ਉਸ ਕੇਂਦਰ ਪਰਮਾਤਮਾ ਵਲ, 'ਖਿੱਚੀਂਦਾ' ਜਾ ਰਿਹਾ ਹੈ। ਇਸ ਇਲਾਹੀ 'ਖਿੱਚ' ਦੀ 'ਰਵਾਨਗੀ' ਨੂੰ ਹੀ, 'ਨਾਲ-ਲਿਖਿਆ' ਇਲਾਹੀ 'ਧਰਮੁ' ਕਿਹਾ ਜਾਂਦਾ ਹੈ—ਜਿਸ ਦੀ ਬਾਬਤ 84 ਲਖ ਜੂਨਾਂ ਅਤੇ ਸ਼੍ਰੋਮਣੀ ਇਨਸਾਨੀ ਜੂਨ ਨੂੰ ਭੀ ਕੋਈ ਸੋਝੀ ਨਹੀਂ ਹੈ।

ਮਿਸਾਲ ਵਜੋਂ—

ਸਮੁੰਦਰ ਦਾ ਪਾਣੀ—'ਭਾਫ਼' ਬਣ ਕੇ, ਆਪਣੇ ਸੋਮੇ ਸਮੁੰਦਰ ਤੋਂ ਵਿਛੜ ਕੇ, ਹੁਕਮ ਅੰਦਰ ਉਡਦਾ ਹੈ ਅਤੇ 'ਭਾਫ਼' ਤੋਂ—

ਬੱਦਲ

ਮੀਂਹ

ਬਰਫ਼

ਪਾਣੀ

ਆਦਿ ਦੀਆਂ ਅਨੇਕਾਂ ਸ਼ਕਲਾਂ ਧਾਰਦਾ ਹੋਇਆ—

ਕੂਲ੍ਹਾਂ

ਨਾਲਿਆਂ

ਨਦੀਆਂ

ਦਰਿਆਵਾਂ

ਵਿਚ ਦੀ ਵਹਿੰਦਾ, ਉਚਾਣਾਂ, ਨਿਵਾਣਾਂ ਟਪਦਾ, ਕਿਸੇ ਸਹਜ-ਚਾਲ ਦੇ

ਵੇਗ ਵਿਚ, ਅਕਿਰਖਣ ਸ਼ਕਤੀ ਦੀ ਖਿੱਚ ਨਾਲ, ਅਭੋਲ ਅਤੇ ਆਪ ਮੁਹਾਰੇ, ਅਣਜਾਣੇ ਹੀ-ਰੁੜ੍ਹਦਾ ਹੋਇਆ, ਆਪਣੇ 'ਸ਼ਹੁ-ਸਾਗਰ' ਸਮੁੰਦਰ ਵਿਚ ਸਮਾ ਜਾਂਦਾ ਹੈ।

ਪਰ ਕਈ ਵਾਰੀ 'ਪਾਣੀ' ਟੋਇਆਂ, ਟੋਭਿਆਂ, ਛੱਪੜਾਂ, ਤਲਾਬਾਂ, ਸਰੋਵਰਾਂ ਵਿਚ ਖੜ੍ਹਾ ਹੋ ਕੇ 'ਗੰਧਲਾ' (pollute) ਭੀ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਗੰਦਾ ਪਾਣੀ, ਗਰਮੀ ਨਾਲ ਭਾਫ ਬਣ ਕੇ ਪਵਿਤ੍ਰ ਹੋ ਕੇ ਕਈ ਸ਼ਕਲਾਂ ਯਾ ਰੂਪ ਧਾਰਦਾ ਹੋਇਆ — ਕਿਸੇ ਅਕਿਰਖਣ-ਸ਼ਕਤੀ ਦੁਆਰਾ, ਅੰਤ ਨੂੰ ਆਪਣੇ ਸੋਮੇ 'ਸਮੁੰਦਰ' ਵਿਚ ਜਾ ਸਮਾਉਂਦਾ ਹੈ।

ਐਨ ਏਸੇ ਤਰ੍ਹਾਂ 'ਜੀਵ' ਭੀ — ਉਸੇ ਇਲਾਹੀ ਅਕਿਰਖਣ ਸ਼ਕਤੀ ਦੁਆਰਾ ਅਨੇਕਾਂ ਜੂਨਾਂ ਵਿਚ ਵਿਚਰਦਾ ਹੋਇਆ ਇਨਸਾਨੀ ਜੂਨ ਤਕ ਪਹੁੰਚਦਾ ਹੈ।

'ਇਨਸਾਨੀ' ਜੂਨ ਵਿਚ, 'ਜੀਵ' ਮਾਇਆ ਦੇ ਭਰਮ-ਭੁਲਾਵੇ ਵਿਚ ਗਲਤਾਨ ਹੋ ਕੇ, ਵਿਕਾਰਾਂ ਵਿਚ ਫਸ ਜਾਂਦਾ ਹੈ। ਪ੍ਰਭੂ ਦੀ ਬਖਸ਼ੀ ਹੋਈ ਤੀਖਣ-ਬੁਧੀ ਦੀ ਗ਼ਲਤ ਵਰਤੋ ਕਰਦਾ ਹੋਇਆ ਹੋਰ ਭੀ ਭਟਕਦਾ ਰਹਿੰਦਾ ਹੈ ਅਤੇ ਆਪਣੇ 'ਸੋਮੇ' ਅਕਾਲ ਪੁਰਖ ਨੂੰ ਭੁੱਲ ਜਾਂਦਾ ਹੈ।

ਪਰ, ਭੁੱਲੇ ਹੋਇਆਂ ਜੀਵਾਂ ਨੂੰ, ਮੁੜ ਆਪਣੀ 'ਮੰਜ਼ਿਲ' ਅਕਾਲ 'ਪੁਰਖ' ਵਲ ਪ੍ਰੇਰਨ ਲਈ, ਸਮੇਂ-ਸਮੇਂ ਸਿਰ, ਲੋੜ ਅਨੁਸਾਰ, ਪੈਗੰਬਰ, ਗੁਰੂ ਮਹਾਂਪੁਰਖ, ਸੰਤ, ਭਗਤ ਪਠਾਏ ਗਏ। ਉਨ੍ਹਾਂ ਨੇ, 'ਜੀਵ' ਦੇ ਅੰਤਰ-ਆਤਮੇ ਦੱਬੀ ਹੋਈ ਗੁੱਝੀ ਆਤਮਿਕ-'ਖਿੱਚ' ਯਾ ਇਲਾਹੀ 'ਧਰਮੁ' ਦੀ ਬਾਬਤ ਗਿਆਨ ਬਖ਼ਸ਼ ਕੇ ਭੁਲੇ ਭਟਕਿਆਂ ਨੂੰ ਮੁੜ ਆਪਣੇ ਸੋਮੇ ਅਕਾਲ ਪੁਰਖ ਵਲ ਤੋਰਿਆ।

ਇਹ ਅੰਤਰਗਤ 'ਆਤਮਿਕ-ਧਰਮੁ' ਤਾਂ ਇਕੋ-ਇਕ, ਅੱਟਲ ਹੈ। ਆਪੋ-ਆਪਣੇ ਸਮੇਂ ਦੀ ਲੋੜ ਅਨੁਸਾਰ, ਇਸੇ ਆਤਮਿਕ 'ਧਰਮੁ' ਯਾ ਇਲਾਹੀ 'ਖਿੱਚ' ਨੂੰ, ਕਈਆਂ ਰੂਪਾਂ-ਰੰਗਾਂ, ਰੇਖਾਂ-ਭੇਖਾਂ, ਬੋਲੀਆਂ ਵਿਚ ਪ੍ਰਚਾਰਿਆ, ਤਾਂ ਜੋ ਉਸ ਵਕਤ ਦੀ ਜਨਤਾ ਸਹਿਜੇ ਹੀ, ਉਨ੍ਹਾਂ ਦੇ ਉਪਦੇਸ਼ਾਂ ਨੂੰ ਸਮਝ ਕੇ ਕਮਾ ਸਕੇ।

ਇਸ ਤਰ੍ਹਾਂ ਸਮੇਂ-ਸਮੇਂ ਅਨੁਸਾਰ ਕਈਆਂ ਦੇਸ਼ਾਂ ਵਿਚ, ਅਨੇਕਾਂ 'ਧਰਮ' ਯਾ ਮਜ਼ਹਬ ਪ੍ਰਚੱਲਤ ਹੋਏ। ਗਹੁ ਕਰਕੇ ਘੋਖਿਆ ਜਾਏ, ਤਾਂ ਪਤਾ ਲਗਦਾ ਹੈ ਕਿ ਇਹਨਾਂ ਸਾਰਿਆਂ ਧਰਮਾਂ ਦੀ 'ਅੰਤ੍ਰੀਵ-ਭਾਵਨਾ' ਯਾ 'ਮੰਤਵ' ਦੀ ਤਹਿ ਵਿਚ, ਇਕੋ-ਇਕ, ਗੁੱਝੀ ਇਲਾਹੀ ਪ੍ਰੀਤ-ਡੋਰੀ ਹੀ ਛੁਪੀ ਹੋਈ ਹੈ। ਏਹੇ, ਗੁੱਝੀ 'ਪ੍ਰੀਤ-ਡੋਰੀ' ਦੀ 'ਖਿੱਚ' ਹੀ, ਅਨੇਕਾਂ 'ਮਜ਼ਹਬਾਂ' ਦੇ 'ਨਾਵਾਂ' ਅਤੇ 'ਭੇਖਾਂ' ਹੇਠ,

ਗ਼ੈਬੀ ਤੌਰ ਤੇ ਪਰਵਿਰਤ ਹੋ ਰਹੀ ਹੈ ਜਿਸ ਦੀ ਸਾਨੂੰ ਕੋਈ ਸੋਝੀ ਹੀ ਨਹੀਂ।

ਏਕਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥...
ਲੋਕ ਚਉਦਹੇ ਕੇ ਬਿਖੈ ਜਗ ਜਾਪਹੀ ਜਿੰਹ ਜਾਪ ॥

(ਜਾਪੁ ਸਾਹਿਬ ਪਾ: 10)

ਸਰਬੰ ਕਰਮੰ ॥ ਸਰਬੰ ਧਰਮੰ ॥
ਸਰਬੰ ਜੁਗਤਾ ॥ ਸਰਬੰ ਮੁਕਤਾ ॥ (ਜਾਪੁ ਸਾਹਿਬ ਪਾ: 10)

ਛਿਅ ਘਰ ਛਿਅ ਗੁਰ ਛਿਅ ਉਪਦੇਸ ॥
ਗੁਰੁ ਗੁਰੁ ਏਕੋ ਵੇਸ ਅਨੇਕ ॥
ਸੂਰਜੁ ਏਕੋ ਰੁਤਿ ਅਨੇਕ ॥
ਨਾਨਕ ਕਰਤੇ ਕੇ ਕੇਤੇ ਵੇਸ ॥ (ਪੰਨਾ-12)

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ ।
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ
ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ।
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ।
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥15॥85॥
ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥16॥86॥

(ਅਕਾਲ ਉਸਤਤਿ ਪਾ: 10)

ਇਸ ਤਰ੍ਹਾਂ ਗੁਰਬਾਣੀ ਵਿਚ ਸਪਸ਼ਟ ਕਰਕੇ ਦਰਸਾਇਆ ਗਿਆ ਹੈ ਕਿ ਬਾਹਰਲਿਆਂ ਸਾਰਿਆਂ ਧਰਮਾਂ, ਮਜ਼ਹਬਾਂ ਦਾ ਅਸਲੀ ਮੁਢਲਾ 'ਧਰਮ-ਧੁਜਾ' ਯਾ ਬੀਜ-ਰੂਪ 'ਕਣ' ਇਕੋ-ਇਕ ਇਲਾਹੀ 'ਹੁਕਮ-ਰੂਪੀ' ਆਤਮਿਕ-'ਧਰਮੁ' ਹੀ ਹੈ, ਜੋ ਸਾਰਿਆਂ ਜੀਵਾਂ ਦੇ ਅੰਤਰ-ਆਤਮੇ ਗੁਝੇ ਤੌਰ ਤੇ ਧੁਰੋਂ ਨਾਲ ਹੀ ਲਿਖਿਆ ਆਉਂਦਾ ਹੈ।

ਦੂਜੇ ਲਫ਼ਜ਼ਾਂ ਵਿਚ, ਭਾਵੇਂ ਅਸੀਂ ਬਾਹਰੋਂ ਕੋਈ ਧਾਰਮਿਕ ਭੇਖ ਧਾਰ ਲਈਏ ਪਰ ਹਰ ਇਕ ਬਾਹਰਲੇ ਧਰਮ ਦੇ ਧੁਰ ਅੰਤ੍ਰ ਗਤ, ਇਕੋ-ਇਕ, 'ਇਲਾਹੀ ਧਰਮੁ' ਦੀ ਅਤਿ ਸੂਖਮ ਅਤੇ ਗ਼ੈਬੀ 'ਪ੍ਰੀਤ-ਡੋਰੀ' ਦੀ ਗੁਝੀ ਤਾਰ 'ਰਵਾਂ' ਹੈ।

ਇਹ ਆਤਮਿਕ 'ਪ੍ਰੀਤ-ਡੋਰੀ' ਦੀ ਤਾਰ, ਅਤਿ ਸੂਖਮ ਇਲਾਹੀ 'ਪ੍ਰੇਮ-ਸਵੈਪਨਾ' ਅਤੇ ਅਰਸ਼ੀ ਵਲਵਲਿਆਂ ਦੀ ਲਰਜ਼ਿਸ਼ ਹੈ, ਜੋ ਸਾਡੀ ਸੀਮਤ ਅਤੇ ਠੁੱਲੀ ਬੁੱਧੀ ਦੀ ਸਮਝ ਅਤੇ ਪਕੜ ਤੋਂ ਪਰੇ ਹੈ।

ਇਹਨਾਂ 'ਪ੍ਰੇਮ-ਸਵੈਪਨਾ' ਦੀਆਂ ਅਰਸ਼ੀ ਲੈਹਰਾਂ, ਝਰਨਾਟਾਂ ਅਤੇ ਲਰਜ਼ਿਸ਼ਾਂ ਨੂੰ, ਕੋਈ ਬਖਸ਼ਿਆ ਹੋਇਆ ਗੁਰਮੁਖ ਪਿਆਰਾ ਹੀ, ਅਨੁਭਵ ਦੁਆਰਾ ਬੁਝ, ਸੀਝ, ਪਹਿਚਾਨ ਅਤੇ ਮਾਣ ਸਕਦਾ ਹੈ ਅਤੇ ਇਸ 'ਪ੍ਰੀਤ-ਡੋਰੀ' ਦੀ 'ਸਹਜ-ਚਾਲ' ਵਿਚ, ਆਪਣੇ 'ਆਪੇ' ਨੂੰ 'ਸੁਰ' ਕਰਕੇ, ਆਪਣੇ ਨਾਲ ਲਿਖੇ 'ਇਨਾਹੀ ਧਰਮੁ' ਨੂੰ ਕਮਾ ਸਕਦਾ ਹੈ ਅਤੇ ਇਸ 'ਪ੍ਰੀਤ-ਡੋਰੀ' ਦੀ 'ਸਹਜ-ਚਾਲ' ਵਿਚ, ਆਪਣੇ 'ਆਪੇ' ਨੂੰ 'ਸੁਰ' ਕਰਕੇ, ਆਪਣੇ ਨਾਲ ਲਿਖੇ 'ਇਲਾਹੀ ਧਰਮੁ' ਨੂੰ ਕਮਾ ਸਕਦਾ ਹੈ।

ਸੀਮਤ ਬੁੱਧੀ ਵਾਲੀਆਂ 84 ਲਖ ਜੂਨਾਂ ਤਾਂ ਅਭੋਲ ਅਤੇ ਅਣਜਾਣੇ ਹੀ, ਆਪੋ-ਆਪਣੇ ਨਾਲ-ਲਿਖੇ ਇਲਾਹੀ 'ਧਰਮੁ' ਨੂੰ, ਮੁਕੰਮਲ ਤੌਰ ਤੇ ਕਮਾ ਰਹੀਆਂ ਹਨ ਪਰ ਸ਼੍ਰੋਮਣੀ ਇਨਸਾਨੀ ਜੂਨ, ਆਪਣੀ ਤੀਖਣ ਬੁੱਧੀ ਹੁੰਦਿਆਂ ਹੋਇਆ ਭੀ—ਆਪਣੇ 'ਨਾਲ-ਲਿਖੇ' ਇਲਾਹੀ 'ਗੁਪਤ-ਧਰਮੁ' ਨੂੰ, ਸਮਝਣ, ਬੁੱਝਣ, ਜਾਨਣ ਤੋਂ 'ਅਸਮਰਥ' ਹੈ। ਇਸ ਦਾ ਕਾਰਨ ਇਹ ਹੈ ਕਿ ਇਨਸਾਨ ਮੋਹ-ਮਾਇਆ ਦੇ ਭਰਮ-ਭੁਲਾਵੇ ਵਿਚ, 'ਹਉਮੈ' ਦੇ ਅਧੀਨ ਆਪਣੇ ਕੇਂਦਰ 'ਅਕਾਲ-ਪੁਰਖ' ਨੂੰ 'ਭੁੱਲ' ਗਿਆ ਹੈ। ਇਸ 'ਭੁੱਲ' ਦੇ ਕਾਰਨ-ਇਨਸਾਨ ਆਪਣੇ-ਅੰਦਰਲੇ 'ਹੁਕਮ-ਰੂਪੀ' 'ਧਰਮੁ' ਤੋਂ ਅਸ਼ਰਧਕ ਅਤੇ ਬੇਮੁਖ ਹੋ ਗਿਆ ਹੈ ਅਤੇ 'ਇਲਾਹੀ ਹੁਕਮ ਦੀ ਰਵਾਨਗੀ' ਤੋਂ

'ਬੇਸੁਰਾ' ਹੋ ਕੇ ਸ਼ਰਧਾ ਭਾਵਨੀ ਦੀ 'ਪ੍ਰੀਤ-ਡੋਰੀ' ਤੋਂ ਟੁਟ ਕੇ 'ਬਾਹਰਮੁਖੀ' ਹੋ ਗਿਆ ਹੈ।

ਜਨਮਾਂ-ਜਨਮਾਂ ਤੋਂ ਬਾਹਰਮੁਖੀ, 'ਠੁਲੀ-ਮਾਦੀ' ਦੁਨੀਆਂ ਵਿਚ ਵਿਚਰਦਿਆਂ ਹੋਇਆਂ, ਇਨਸਾਨ ਦੀ ਬੁੱਧੀ ਭੀ ਮੋਟੀ ਅਤੇ 'ਦ੍ਰਿਸ਼ਟਮਾਨ-ਬਿਰਤੀ' ਵਾਲੀ ਹੋ ਗਈ ਹੈ ਜਿਸ ਦੀ ਵਜਾਹ ਨਾਲ ਹੋਰ ਕਿਸੇ

ਉਚੇਰੇ
ਸੂਖਮ
ਕੋਮਲ
ਗੁਪਤ
ਅਦ੍ਰਿਸ਼ਟ

ਆਤਮਿਕ—

ਖ਼ਿਆਲ
ਵਲਵਲੇ
ਭਾਵਨਾ
ਸ਼ਰਧਾ
ਪ੍ਰੇਮ-ਸ੍ਵੈਪਨਾ
ਮੂਲ
ਜੋਤ-ਸਰੂਪ
ਹੁਕਮੁ
ਸਬਦੁ
ਨਾਮੁ
ਇਲਾਹੀ ਧਰਮੁ ਨੂੰ

ਬੁਝੱਣ
ਸੀਝਣ
ਪਕੜਨ
ਵਿਚਾਰਨ
ਭੁੰਚਣ
ਅਨੁਭਵ

ਕਰਨ ਤੋਂ 'ਅਸਮਰਥ' ਹੈ।

ਜਦ, ਸਾਡਾ ਮਨ, 'ਮੋਹ-ਮਾਇਆ' ਨਾਲ, 'ਲੱਥ-ਪੱਥ' ਹੋ ਕੇ, ਕਾਲਾ ਸਿਆਹ ਯਾ 'ਮਨੂਰ' ਹੋ ਜਾਂਦਾ ਹੈ, ਤਾਂ ਅਸੀਂ ਆਪਣੇ ਅੰਤਰ ਆਤਮੇ 'ਨਾਲ ਲਿਖੇ' ਇਲਾਹੀ ਧਰਮੁ ਤੋਂ ਬਿਲਕੁਲ ਅਨਜਾਣ ਤੇ 'ਬੇਮੁਖ' ਹੋ ਜਾਂਦੇ ਹਾਂ ਅਤੇ ਦੈਵੀ ਗੁਣਾ ਤੋਂ ਵਾਂਝੇ ਹੋ ਕੇ, ਮਾਇਕੀ ਅਉਗੁਣਾਂ ਦੇ ਅਧੀਨ ਅਨੇਕਾਂ ਭੈੜੇ ਕਰਮ ਅਤੇ ਪਾਪ ਕਮਾਉਂਦੇ ਹਾਂ ਅਤੇ ਨਤੀਜੇ ਭੁਗਤਦੇ ਹਾਂ।

ਦੂਜੇ ਲਫ਼ਜ਼ਾਂ ਵਿਚ, ਏਹੋ ਜੇਹੇ 'ਮਨੂਰ ਮਨ' ਉਤੇ ਕਿਸੇ ਬਾਹਰਲੇ 'ਧਰਮ-ਕਰਮ' ਦੇ ਪ੍ਰਚਾਰ ਦਾ ਕੋਈ ਅਸਰ ਨਹੀਂ ਹੁੰਦਾ ਅਤੇ ਜੀਵ 'ਮਨਮੁਖ', 'ਸਾਕਤ' ਬਣ ਕੇ 'ਕਰਮ-ਬਧ' ਹੋ ਜਾਂਦਾ ਹੈ ਤੇ ਜਮਾਂ ਦੇ ਵਸ ਪੈਂਦਾ ਹੈ—

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥ (ਪੰਨਾ-1378)

"ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥
ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ॥"
(ਪੰਨਾ-87)

"ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥ (ਪੰਨਾ-755)

"ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥
ਕਹਾ ਸਾਕਤ ਪਹਿ ਹਰਿ ਗੁਨ ਗਾਏ ॥....
ਕਊਆ ਕਹਾ ਕਪੂਰ ਚਰਾਏ ॥
ਕਹ ਬਿਸੀਅਰ ਕਉ ਦੂਧੁ ਪੀਆਏ ॥....
ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥
ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥" (ਪੰਨਾ-481)

"ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥"
(ਪੰਨਾ-24)

ਉਪਰਲੀ ਵਿਚਾਰ ਤੋਂ ਸਿਧ ਹੋਇਆ ਕਿ ਜਿਉਂ-ਜਿਉਂ ਬਾਹਰਲੀ ਮਾਇਕੀ 'ਕੁਸੰਗਤ' ਨਾਲ, ਜੀਵ ਦਾ ਮਨ 'ਮਲੀਨ' ਹੁੰਦਾ ਜਾਂਦਾ ਹੈ, ਤਿਉਂ ਤਿਉਂ ਵਿਰਸੇ ਵਿਚ ਮਿਲੇ ਹੋਏ, ਨਾਲ-ਲਿਖੇ ਇਲਾਹੀ 'ਧਰਮੁ' ਅਤੇ ਉਸ ਦੇ 'ਦੈਵੀ ਗੁਣਾਂ' ਤੋਂ ਜੀਵ ਵਾਂਝਾ ਹੁੰਦਾ ਜਾਂਦਾ ਹੈ ਅਤੇ ਮਾਇਕੀ ਭਰਮ ਭੁਲਾਵੇ ਵਿਚ ਉਸਦਾ

ਅਮੋਲਕ ਜੀਵਨ ਅਜਾਈਂ ਜਾਂਦਾ ਹੈ।

"ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰ ਮਤਿ ਪਾਈ ॥
ਬਿਖਿਆ ਸਕਤ ਰਹਿਓ ਨਿਸ ਬਾਸਰੁ ਨਹ ਛੂਟੀ ਅਧਮਾਈ ॥"
(ਪੰਨਾ-632)

"ਮਾਇਆ ਲਾਗੀ ਭਰਮਿ ਭੁਲਾਣੀ ॥" (ਪੰਨਾ-750)

"ਮਿਲਿ ਮਾਇਆ ਸੁਰਤਿ ਗਵਾਈ ॥" (ਪੰਨਾ-989)

ਉਪਰਲੀਆਂ ਵਿਚਾਰਾਂ ਨੂੰ ਸਪਸ਼ੱਟ ਕਰਨ ਲਈ, ਕੁਝ ਉਦਾਹਰਣ ਦਿਤੇ ਜਾਂਦੇ ਹਨ—

ਜੇਕਰ ਕੁਝ ਸੂਈਆਂ ਫ਼ਰਸ਼ ਤੇ ਰਖੀਆਂ ਜਾਣ ਅਤੇ ਉਹਨਾਂ ਦੇ ਉਤੋਂ ਦੀ 'ਮਿਕਨਾਤੀਸ' (magnet) ਫੇਰਿਆ ਜਾਵੇ, ਤਾਂ ਸੂਈ ਅਕਿਰਖਣ ਸ਼ਕਤੀ ਦੁਆਰਾ ਮਿਕਨਾਤੀਸ ਦੇ ਟੁਕੜੇ ਨਾਲ—

ਕੋਈ ਚਿੰਬੜ ਜਾਵੇਗੀ
ਕੋਈ ਲਮਕ ਪਵੇਗੀ
ਕੋਈ ਉਤਾਂਹਾਂ ਉਠ ਕੇ ਫਿਰ ਡਿਗ ਪਵੇਗੀ,
ਕੋਈ ਉਥੇ ਹੀ ਪਈ ਹਿਲੇਗੀ
ਕੋਈ ਮਾੜੀ ਮੋਟੀ ਹਰਕਤ ਕਰੇਗੀ
ਕੋਈ ਬਿਲਕੁਲ ਨਹੀਂ ਹਿਲੇਗੀ ।

'ਮਿਕਨਾਤੀਸ' ਤਾਂ ਇੱਕੋ ਹੈ ਅਤੇ ਉਸ ਦੀ 'ਅਕਿਰਖਣ-ਸ਼ਕਤੀ' ਵੀ ਇਕਸਾਰ ਹੈ, ਪਰ ਸੂਈਆਂ, ਆਪੋ-ਆਪਣੀ 'ਮੈਲ' ਯਾ 'ਜ਼ੰਗ' (rust) ਅਨੁਸਾਰ ਹੀ, ਮਿਕਨਾਤੀਸ ਦੀ 'ਖਿੱਚ' ਖਾਂਦੀਆਂ ਹਨ। ਜੇਹੜੀ ਸੂਈ 'ਜ਼ੰਗ' ਨਾਲ ਲੱਥ ਪੱਥ ਹੋਈ ਹੈ—ਉਸ ਉਤੇ ਮਿਕਨਾਤੀਸ ਦੀ ਖਿੱਚ ਦਾ ਕੋਈ ਅਸਰ ਨਹੀਂ ਹੁੰਦਾ। ਬਾਕੀ ਸਾਰੀਆਂ ਸੂਈਆਂ ਆਪੋ-ਆਪਣੀ ਗ੍ਰਹਿਣ-ਸ਼ਕਤੀ ਅਨੁਸਾਰ ਮਿਕਨਾਤੀਸ ਤੋਂ ਵਧ-ਘਟ ਖਿੱਚ ਖਾਂਦੀਆਂ ਹਨ।

'ਜ਼ੰਗ' ਨਾਲ 'ਮਨੂਰ' ਹੋਈ ਸੂਈ-'ਜ਼ੰਗ' ਦਾ 'ਸਰੂਪ' ਹੋਈ ਹੁੰਦੀ ਹੈ ਅਤੇ ਉਸ ਉਤੇ, ਮਿਕਨਾਤੀਸ ਦੀ ਅਕਿਰਖਣ ਸ਼ਕਤੀ ਕੰਮ ਨਹੀਂ ਕਰਦੀ।

ਇਸ ਤਰ੍ਹਾਂ 'ਮਨੂਰ' ਹੋਈ ਸੂਈ, ਜ਼ੰਗ ਨਾਲ, ਆਪ ਭੀ ਖਾਧੀ ਜਾਂਦੀ ਹੈ ਅਤੇ 'ਕੁਸੰਗਤ' ਨਾਲ ਹੋਰਨਾਂ ਸੂਈਆਂ ਨੂੰ ਭੀ, ਆਪਣੇ 'ਜ਼ੰਗ' ਨਾਲ,

ਬੇਕਾਰ ਕਰ ਦਿੰਦੀ ਹੈ।

'ਸੂਈਆਂ' ਦਾ ਉਦਾਹਰਣ ਇਨਸਾਨਾਂ ਉਤੇ ਭੀ 'ਹੂ-ਬ-ਹੂ' 'ਘਟਦਾ' ਹੈ।

ਸਾਡੇ ਮਨ ਉਤੇ ਜਿਤਨੀ ਮਾਇਕੀ 'ਮੈਲ' ਦਾ 'ਜ਼ੰਗ' ਚੜ੍ਹਿਆ ਹੁੰਦਾ ਹੈ ਉਸੇ ਮਿਕਦਾਰ ਅਨੁਸਾਰ ਅਸੀਂ, ਅੰਤਰ-ਗਤਿ, ਇਲਾਹੀ ਬਰਕਤਾਂ ਅਤੇ ਦੈਵੀ ਗੁਣਾਂ ਤੋਂ ਵਾਂਝੇ ਰਹਿੰਦੇ ਹਾਂ।

ਮਨਿ ਮੈਲੈ ਭਗਤਿ ਨ ਹੋਵਈ ਨਾਮ ਨ ਪਾਇਆ ਜਾਇ ॥
(ਪੰਨਾ-39)

ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤ ਪੀਆ ॥ (ਪੰਨਾ-766)

ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥
(ਪੰਨਾ-662)

ਮਨੁ ਮੈਲਾ ਹੈ ਦੂਜੇ ਭਾਇ ॥ (ਪੰਨਾ-121)

ਜੀਵ, ਆਪਣੀ ਅੰਦਰਲੀ ਗ਼ੈਬੀ ਪ੍ਰੇਰਨਾ ਅਨੁਸਾਰ, ਕੋਈ 'ਧਰਮ' ਯਾ 'ਮਜ਼ਹਬ' ਅਪਨਾਉਂਦਾ ਹੈ, ਪਰ ਉਸ ਨੂੰ ਆਪਣੇ ਧਾਰੇ ਹੋਏ ਧਰਮ ਦੇ 'ਮੰਤਵ', 'ਭਾਵਨਾ' ਅਤੇ 'ਮੰਜ਼ਿਲ' ਦੀ ਬਾਬਤ ਆਮ ਤੌਰ ਤੇ ਬਹੁਤ ਘੱਟ, ਅਤੇ ਕਈ ਵਾਰੀ ਤਾਂ ਉਕਾ ਹੀ ਕੋਈ ਗਿਆਨ, ਸਮਝ ਜਾਂ ਨਿਸਚਾ ਨਹੀਂ ਹੁੰਦਾ। ਜੇ ਹੁੰਦਾ ਹੈ ਤਾਂ ਉਹ ਭੀ —

ਓਪਰਾ ਜਿਹਾ
ਸੁਣਿਆ-ਸੁਣਾਇਆ
ਪੜ੍ਹਿਆ-ਪੜ੍ਹਾਇਆ
ਸਮਝਿਆ-ਸਮਝਾਇਆ
ਉਤੋਂ-ਉਤੋਂ
ਅਧੂਰਾ
ਫੋਕਾ
ਅਪੂਰਨ

ਹੁੰਦਾ ਹੈ। ਜਿਸ ਕਰਕੇ ਉਸ ਦੇ ਧਾਰਮਿਕ ਖ਼ਿਆਲਾਂ, ਨਿਸ਼ਚਿਆਂ, ਕਰਮ-ਕਿਰਿਆ ਆਦਿ ਦਾ, ਦੂਜਿਆਂ ਨਾਲ ਮੱਤ ਭੇਦ, ਵਾਦ-ਵਿਵਾਦ ਅਤੇ ਟਕਰਾਓ ਹੁੰਦਾ ਰਹਿੰਦਾ ਹੈ। ਹੋਰ ਜ਼ਰਾ ਡੂੰਘੀ ਨਜ਼ਰ ਨਾਲ ਵੇਖੀਏ ਤਾਂ ਇਸ ਦੇ ਕਈ ਕਾਰਨ ਦ੍ਰਿਸ਼ਟੀਗੋਚਰ ਹੁੰਦੇ ਹਨ।

ਹਰ-ਇਕ ਮਨੁਖ ਨੂੰ, ਪਿਛਲੇ ਜਨਮ ਤੋਂ, ਭਿੰਨ-ਭਿੰਨ ਰੰਗਤ ਵਾਲਾ ਅੰਤਹਕਰਣ ਮਿਲਦਾ ਹੈ ਜੋ ਕਿ ਜੀਵ ਦੇ ਧਾਰਮਿਕ ਨਿਸ਼ਚਿਆਂ ਦੀ ਬੁਨਿਆਦ (basic foundation) ਹੁੰਦਾ ਹੈ। ਇਸ ਪਿਛਲੇ ਬੁਨਿਆਦ ਅੰਤਹਕਰਣ ਉੱਤੇ —

ਪੇਟ ਵਿਚ 'ਮਾਂ' ਦੇ ਖ਼ਿਆਲਾਂ ਤੇ ਨਿਸਚਿਆਂ ਦਾ
ਘਰ ਦੇ ਮਾਹੌਲ ਦਾ
ਆਂਢ-ਗੁਆਂਢ ਦਾ
ਮਿਤ੍ਰਾਂ ਤੇ ਹਾਣੀਆਂ ਦੀ ਸੰਗਤ ਦਾ
ਸਕੂਲ ਕਾਲਜ ਦੇ ਮਾਹੌਲ ਦਾ
ਵਿਦਿਆ ਦਾ
ਵਿਗਿਆਨ ਦਾ
ਸਭਿਅਤਾ ਦਾ
ਧਾਰਮਿਕ ਪ੍ਰਚਾਰ ਦਾ
ਸਮੁੱਚੇ ਬ੍ਰਹਮੰਡ ਦੇ ਵਾਤਾਵਰਨ ਦਾ
ਆਪਣੇ ਹੀ ਖ਼ਿਆਲਾਂ, ਸੋਚਾਂ, ਨਿਸਚਿਆਂ
ਅਤੇ ਕਰਮਾਂ ਦਾ,

ਅਸਰ ਪੈਂਦਾ ਹੈ।

ਇਹ 'ਅਸਰ' ਭੀ ਹਰ 'ਜੀਵ' ਦੇ ਧਾਰਮਿਕ —

ਖ਼ਿਆਲਾਂ
ਨਿਸਚਿਆਂ
ਸ਼ਰਧਾ-ਭਾਵਨੀ
ਸੇਵਾ-ਭਾਵਨੀ
ਪਾਠ-ਪੂਜਾ
ਕਰਮ-ਕਿਰਿਆ
ਜਪ-ਤਪ
ਭਗਤੀ
ਦੈਵੀ-ਭਾਵਨਾ

ਅਨੁਸਾਰ ਅੱਡ-ਅੱਡ ਪ੍ਰਕਾਰ ਦਾ ਹੁੰਦਾ ਹੈ।

ਇਹੋ ਕਾਰਨ ਹੈ ਕਿ ਇਕੋ —

ਮਜ਼ਹਬ

ਗੁਰੂ

ਬਾਣੀ

ਕਰਮ–ਕਿਰਿਆ

ਭੇਖ

ਦੇ ਹੁੰਦਿਆਂ ਹੋਇਆ ਭੀ, ਹਰ ਇਕ ਜੀਵ ਦਾ 'ਧਰਮ' ਦੀ ਬਾਬਤ, ਖ਼ਿਆਲ, ਨਿਸਚਾ ਅਤੇ ਸ਼ਰਧਾ–ਭਾਵਨੀ ਵੱਖਰੀ–ਵੱਖਰੀ ਹੁੰਦੀ ਹੈ।

ਮਿਸਾਲ ਦੇ ਤੌਰ ਤੇ ਇਕੋ ਸਿਖ–ਘਰਾਣੇ ਵਿਚ ਜਨਮ ਲੈ ਕੇ —

ਇਕੋ ਰੱਬ ਨੂੰ ਮੰਨਦਿਆਂ
ਇਕੋ ਗੁਰੂ ਨੂੰ ਮੰਨਦਿਆਂ
ਇਕੋ ਬਾਣੀ ਪੜ੍ਹਦਿਆਂ
ਇਕੋ ਗੁਰਦੁਆਰੇ ਜਾਂਦਿਆਂ
ਇਕੋ ਸੰਗਤ ਕਰਦਿਆਂ

ਭੀ, ਹਰ ਇਕ ਮੈਂਬਰ ਦਾ ਧਰਮ ਬਾਬਤ, ਆਪੋ ਆਪਣਾ ਨਿਜੀ ਦ੍ਰਿਸ਼ਟੀਕੋਣ ਅਤੇ ਨਿਸਚਾ ਹੁੰਦਾ ਹੈ।

ਕੋਈ ਪ੍ਰਭਾਤੇ ਉਠਦਾ ਹੈ।

ਕੋਈ ਸਵੇਰੇ ਉਠਣਾ ਜ਼ਰੂਰੀ ਨਹੀਂ ਸਮਝਦਾ।

ਕੋਈ ਨਿਤ–ਨੇਮ ਪੂਰਾ ਕਰਦਾ ਹੈ।

ਕੋਈ ਨਿਤ–ਨੇਮ ਤੋਂ ਇਲਾਵਾ ਹੋਰ ਭੀ ਬਾਣੀਆਂ ਦਾ ਪਾਠ ਕਰਦਾ ਹੈ।

ਕੋਈ ਸਿਰਫ਼ ਜਪੁਜੀ ਸਾਹਿਬ ਦਾ ਪਾਠ ਹੀ ਕਾਫ਼ੀ ਸਮਝਦਾ ਹੈ।

ਕੋਈ ਬਾਣੀ ਦਾ ਪਾਠ ਕਰਨਾ ਜ਼ਰੂਰੀ ਨਹੀਂ ਸਮਝਦਾ।

ਕੋਈ ਬਾਣੀ ਦੇ ਭਾਵ–ਅਰਥ ਸਮਝਦਾ ਹੈ।

ਕੋਈ ਬਾਣੀ ਦੇ ਅਨੁਭਵੀ ਭਾਵ–ਅਰਥ ਖੋਜਦਾ ਹੈ।

ਕੋਈ ਸ਼ੁਧ–ਪੜ੍ਹਨ ਨੂੰ ਅਹਿਮੀਅਤ ਦਿੰਦਾ ਹੈ।

ਕੋਈ ਬਾਣੀ ਦਾ ਪਾਠ ਹੀ 'ਸਿਮਰਨ' ਸਮਝੀ ਬੈਠਾ ਹੈ।

ਕੋਈ ਸਿਮਰਨ ਨੂੰ 'ਬੱਕਰੀ ਵਾਂਗ ਮੂੰਹ ਮਾਰਨਾ' ਹੀ ਸਮਝਦਾ ਹੈ।

ਕੋਈ ਗੁਰੂ ਗ੍ਰੰਥ ਸਾਹਿਬ ਦਾ ਘਰ ਵਿਚ ਪ੍ਰਕਾਸ਼ ਕਰਕੇ ਵਾਕ ਲੈਣ ਨੂੰ ਹੀ ਪੂਰਨ 'ਸਿਖੀ' ਸਮਝੀ ਬੈਠਾ ਹੈ।

ਕੋਈ ਗਿਆਨ ਘੋਟ ਕੇ ਹੀ ਭਲਾ-ਭਲੇਰਾ ਬਣ ਬੈਠਾ ਹੈ।

ਕਿਸੇ ਦਾ ਧਾਰਮਿਕ 'ਵਾਦ-ਵਿਵਾਦ' ਹੀ 'ਸ਼ੁਗਲ' ਬਣਿਆ ਹੋਇਆ ਹੈ।

ਕੋਈ ਬਾਹਰਲੀ 'ਸੁਚ' ਉਤੇ ਹੀ ਜ਼ੋਰ ਦਿੰਦਾ ਹੈ।

ਉਪਰਲੀ ਵਿਚਾਰ ਤੋਂ ਸਿਧ ਹੁੰਦਾ ਹੈ ਕਿ, ਆਮ ਇਨਸਾਨਾਂ ਵਿਚ ਹੀ ਨਹੀਂ, ਸਗੋਂ ਸਕੇ-ਸੰਬੰਧੀਆਂ ਦੀ ਸੋਚਣੀ, ਧਾਰਮਿਕ-ਨਿਸਚਿਆਂ, ਸ਼ਰਧਾਂ ਭਾਵਨੀ ਆਦਿ ਵਿਚ ਭੀ, ਬੜਾ ਅੰਤਰ ਹੈ।

ਇਹ ਅੰਤਰ—

ਪਿਛਲੇ ਜਨਮ ਤੋਂ ਪ੍ਰਾਪਤ ਅੰਤਹਕਰਨ
ਇਸ ਜਨਮ ਵਿਚ ਵਾਤਾਵਰਨ ਅਤੇ
'ਸੰਗਤ'

ਦੀ 'ਰੰਗਤ' ਅਨੁਸਾਰ ਹੀ ਹੁੰਦਾ ਹੈ।

ਇਹ ਮਾਇਕੀ ਫੈਲਾਉ ਤੇ ਖਿੰਡਾਉ, ਇਨਸਾਨ ਨੂੰ ਇਸ ਦੇ ਮਰਕਜ਼ ਤੋਂ ਹੀ ਨਹੀਂ, ਬਲਕਿ ਇਕ ਦੂਜੇ ਤੋਂ ਭੀ ਦੂਰ ਲਈ ਜਾਂਦੇ ਹਨ। ਭਿੰਨਤਾ ਹੋਰ ਵਧਦੀ ਜਾਂਦੀ ਹੈ। ਇਹ—

ਦਵੈਤ
ਦੂਜਾ ਭਾਉ
ਵਖਰੇਵੇਂ
ਭਿੰਨ ਭੇਦ
ਅਪਣਤ
ਖ਼ੁਦਗਰਜ਼ੀ
ਮੈ-ਮੇਰੀ
ਹਉਮੈ

ਸਭ ਮਾਇਕੀ ਭਰਮ-ਭੁਲਾਵੇ ਦੀ ਅਗਿਆਨਤਾ ਵਿਚੋਂ ਉਪਜਦੇ ਹਨ ਅਤੇ ਇਨਸਾਨੀ ਸਿਆਣਪ ਤੇ ਚਤੁਰਾਈ ਨਾਲ ਪਲਦੇ ਹਨ।

ਇਹੁ ਮਨੁ ਜਲਿਆ ਦੂਜੈ ਦੋਇ ॥ (ਪੰਨਾ-1176)

ਇਸ ਦੂਜੇ ਤੋਂ ਰਬੀ 'ਏਕਤਾ' ਵਲ ਮੁੜਨ ਲਈ ਇਨਸਾਨ ਨੂੰ ਆਪਣੇ

ਮਰਕਜ਼
ਅਸਲੇ
ਸੋਮੇ
ਮੂਲ
ੴ

ਵਲ ਰੁਖ ਕਰਨਾ ਪਵੇਗਾ।

ਮਨ ਦੇ—

ਖ਼ਿਆਲਾਂ
ਸਿਆਣਪਾਂ
ਨਿਸਚਿਆਂ
ਭਾਵਨਾਵਾਂ
ਰੁਚੀਆਂ

ਨੂੰ—

ਮਾਇਕੀ 'ਰੰਗਤ' ਵਾਲੇ ਦੂਜੇ ਭਾਉ ਤੋਂ
ਇਲਾਹੀ 'ਏਕੇ' 'ੴ' ਵਲ
ਪ੍ਰੇਰਨ
ਮੁੜਨ
ਅਭਿਆਸ ਕਰਨ
ਸਿਮਰਨ ਕਰਨ
ਧਿਆਉਣ

ਦੀ 'ਘਾਲਨਾ' ਨੂੰ ਹੀ 'ਧਰਮੁ' ਕਿਹਾ ਜਾਂਦਾ ਹੈ।

ਬਾਹਰਮੁਖੀ ਬਿਰਤੀਆਂ ਦੀਆਂ ਸੂਖਮ 'ਕਿਰਨਾਂ' ਨੂੰ—ਅੰਦਰ ਵਲ ਮੋੜ-ਮੋੜ ਕੇ, 'ਇਕਾਗਰ-ਚਿਤ' ਹੋ ਕੇ, ਸਿਮਰਨ ਕਰਨਾ ਅਤੇ ਅੰਤਰ-ਆਤਮੇ

ਵਸਦੀ ਜੀਉਂਦੀ ਜਾਗਦੀ—

ਜੋਤ

ਜੀਵਨ-ਰੌਂ

ਪ੍ਰੇਮ-ਪ੍ਰਕਾਸ਼

'ਸਬਦੁ'

'ਹੁਕਮੁ'

'ਨਾਮੁ'

ਨੂੰ

ਪਰਸਣਾ

ਛੋਹਣਾ

ਜਗਾਉਣਾ

ਬੁਝਣਾ

ਸੀਝਣਾ

ਪਹਿਚਾਨਣਾ

ਮਾਣਨਾ

ਹੀ, ਜਗਿਆਸੂ ਦਾ ਅੰਤਰ-ਮੁਖੀ, ਇਕੋ-ਇਕ

'ਆਤਮਿਕ ਧਰਮੁ'

ਹੈ।

ਜਦ ਤਕ ਇਨਸਾਨ—

'ਨਾਲ-ਲਿਖੇ' 'ਆਤਮਿਕ ਧਰਮੁ' ਅਥਵਾ 'ਸਬਦੁ' ਨੂੰ ਨਹੀਂ ਪਛਾਣਦਾ,

ਇਲਾਹੀ ਪ੍ਰੀਤ-ਡੋਰੀ ਦੀ ਤਾਰ ਵਿਚ ਪਰੋਇਆ ਨਹੀਂ ਜਾਂਦਾ,

ਇਲਾਹੀ 'ਹੁਕਮ' ਯਾ 'ਜੀਵਨ-ਰੌਂ' ਵਿਚ 'ਸੁਰ' ਨਹੀਂ ਹੁੰਦਾ,

ਤਦ ਤਾਈਂ ਇਹ—

ਦੂਜਾ ਭਾਉ

ਵਖਰਾਪਨ

ਭਿੰਨਤਾ

ਮਾਇਕੀ ਭਰਮ ਭੁਲਾਵੇ

ਹਉਮੈ

ਅਤੇ ਇਹਨਾਂ ਤੋਂ ਉਪਜੇ ਹੋਏ ਭਿਆਨਕ ਅਉਗਣਾਂ

ਈਰਖਾ

ਦਵੈਤ

ਨਫ਼ਰਤ

ਖ਼ੁਦਗਰਜ਼ੀ

ਲੜਾਈਆਂ

ਝਗੜੇ

ਜ਼ੁਲਮ

ਵਿਚ ਹੀ ਗਲਤਾਨ ਹੋ ਕੇ ਦੁਖੀ ਹੁੰਦਾ ਰਹੇਗਾ।

ਜਬ ਲਗੁ ਹੁਕਮੁ ਨਾ ਬੂਝਤਾ ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮੁ ਪਛਾਨਿਆ, ਤਬ ਹੀ ਤੇ ਸੁਖੀਆ ॥ (ਪੰਨਾ-400)

ਜਦ ਸਾਡਾ 'ਹੱਥ' ਬਿਜਲੀ ਦੀ 'ਜੀਉਂਦੀ' ਤਾਰ (live wire) ਨੂੰ ਛੂੰਹਦਾ ਹੈ, ਤਾਂ ਸਾਨੂੰ ਝਟਕਾ (shock) ਲਗਦਾ ਹੈ ਅਤੇ ਸਰੀਰ ਵਿਚ ਜ਼ਬਰਦਸਤ ਝਰਨਾਹਟ ਹੁੰਦੀ ਹੈ, ਕਿਉਂਕਿ ਸਰੀਰ, ਉਸ ਬਿਜਲੀ ਦੀ ਪ੍ਰਬਲ ਸ਼ਕਤੀ (higher voltage) ਨੂੰ ਸਹਾਰ ਨਹੀਂ ਸਕਦਾ ਅਤੇ ਕਈ ਤਰ੍ਹਾਂ ਦੀਆਂ ਅਨੋਖੀਆਂ ਸਰੀਰਕ ਹਰਕਤਾਂ ਕਰਦਾ ਹੈ।

ਇਸ ਬਿਜਲੀ ਦੀ ਛੋਹ ਦੀ ਅੰਤ੍ਰੀਵ ਝਰਨਾਹਟ ਨੂੰ—ਓਹੀ ਜਾਣ-ਬੁਝ ਸਕਦਾ ਹੈ— ਜਿਸ ਨੂੰ ਬਿਜਲੀ ਦੀ 'ਛੋਹ' ਦਾ ਨਿਜੀ ਤਜਰਬਾ (personal experience) ਹੋਇਆ ਹੋਵੇ। ਬਾਕੀ ਤਾਂ ਅਸੀਂ ਅੰਦਾਜ਼ਾ ਯਾ ਖ਼ਿਆਲੀ ਮਨੋਕਲਪਤ ਗਿਆਨ ਹੀ ਘੋਟਦੇ ਫਿਰਦੇ ਹਾਂ!

ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥ (ਪੰਨਾ-449)

ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥
(ਪੰਨਾ-836)

ਐਨ ਏਸੇ ਤਰ੍ਹਾਂ, ਸਾਡੇ ਅੰਦਰ

ਇਲਾਹੀ-ਜੋਤ

ਜੀਵਨ ਰੌਂ

'ਸਬਦੁ'

ਜੋਤ ਪ੍ਰਕਾਸ਼

'ਹੁਕਮੁ'

'ਨਾਮੁ'

ਰਵਿ–ਰਹਿਆ–ਭਰਪੂਰ ਹੈ, ਪਰ ਸਾਨੂੰ ਉਸ ਦੀ ਸੋਝੀ ਹੀ ਨਹੀਂ। ਇਸ ਦੀ 'ਛੋਹ' ਦਾ 'ਨਿਜੀ' ਤਜਰਬਾ ਤਾਂ ਕਿਤੇ ਰਿਹਾ।

ਇਸ ਨੂੰ ਸਿਰਫ਼ ਅੰਤਰ–ਆਤਮੇ 'ਅਨੁਭਵ' ਦੁਆਰਾ ਹੀ

ਬੁਝਿਆ

ਸੀਝਿਆ

ਚੀਨਿਆ

ਪਹਿਚਾਨਿਆ

ਮਾਣਿਆ

ਮੰਨਿਆ

ਕਮਾਇਆ

ਜਾ ਸਕਦਾ ਹੈ।

ਪਰ ਅਸੀਂ ਆਪੋ ਆਪਣੀ ਸੀਮਤ ਬੁੱਧੀ ਅਨੁਸਾਰ, ਅਧੂਰੇ ਮਨੋਕਲਪਤ ਨਿਸਚਿਆਂ ਅਤੇ ਫੋਕੇ ਖੁਸ਼ਕ ਗਿਆਨ ਵਿਚ ਹੀ ਸੰਤੁਸ਼ਟ ਹੋ ਕੇ ਭਲੇ–ਭਲੇਰੇ ਅਤੇ ਧਾਰਮਿਕ ਪ੍ਰਚਾਰਕ ਬਣੇ ਫਿਰਦੇ ਹਾਂ।

ਗਿਆਨੁ ਧਿਆਨੁ ਸਭੁ ਕੋਈ ਰਵੈ ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ॥

(ਪੰਨਾਂ–728)

ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ (ਪੰਨਾ–831)

ਕਥਨੀ ਬਦਨੀ ਕਰਤਾ ਫਿਰੈ
ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥ (ਪੰਨਾ–509)

ਇਹ ਅੰਤਰ–ਆਤਮੇ 'ਆਤਮਿਕ ਬਿਜਲੀ' ਅਥਵਾ 'ਨਾਮੁ' ਦੀ 'ਛੋਹ'

ਯਾ 'ਗੱਜਣ' ਦੇ ਨਿਜੀ ਤਜਰਬੇ ਦੁਆਰਾ, 'ਪ੍ਰੇਮ-ਸਵੈਪਨਾ' ਦਾ ਰੰਗ, ਰਸ, ਚਾਉ ਮਾਣਨਾ ਹੀ ਜਗਿਆਸੂ ਦਾ

'ਨਿਜੀ—ਨਾਲ ਲਿਖਿਆ ਹੋਇਆ'

'ਆਤਮਿਕੁ ਧਰਮੁ'

ਹੈ।

ਇਸ ਇਲਾਹੀ 'ਪ੍ਰੀਤ-ਡੋਰੀ' ਦੀ 'ਸਹਜ-ਚਾਲ', ਅਥਵਾ 'ਹੁਕਮੁ' ਨੂੰ—

ਪਹਿਚਾਨਣਾ
ਅਨੁਭਵ ਕਰਨਾ
'ਸੁਰ' ਹੋਣਾ
ਭਾਣੇ ਵਿਚ ਚਲਣਾ
ਕਮਾਉਣਾ

ਹੀ ਇਨਸਾਨ ਦਾ—

ਇਕੋ-ਇਕ
ਅਸਲੀ
ਆਤਮਿਕ
ਸਰਬੱਗ

ਇਲਾਹੀ 'ਧਰਮੁ' ਹੈ।

(ਚਲਦਾ............)